# ਪੜ੍ਹੀਆਂ ਲਿਖੀਆਂ ਕੁੜੀਆਂ ਦੇ ਨਾਂ

ਵਿਚਾਰ-ਚਰਚਾ



ਗੁਰਸ਼ਰਨ ਸਿੰਘ

ਪਿਛਲੇ ਦਿਨਾਂ ਵਿਚ ਵਾਪਰੀਆਂ ਕੁਝ ਘਟਨਾਵਾਂ ਦੇ ਸੰਦਰਭ ਵਿਚ ਇਹ ਵਿਚਾਰ-ਚਰਚਾ ਪੜ੍ਹੀਆਂ-ਲਿਖੀਆਂ ਕੁੜੀਆਂ ਨੂੰ ਸੰਬੋਧਨ ਹਨ। ਇਹ ਅਸਫ਼ਲ ਪਿਆਰ ਦੀਆਂ ਘਟਨਾਵਾਂ ਹਨ, ਜਿਹਨਾਂ ਕਰਕੇ ਜਾਂ ਤਾਂ ਕੁੜੀਆਂ ਸ਼ੱਕੀ ਹਾਲਤ ਵਿਚ ਮਾਰ ਦਿੱਤੀਆਂ ਗਈਆਂ ਹਨ ਜਾਂ ਉਹਨਾਂ ਨੇ ਆਤਮਘਾਤ ਕਰ ਲਿਆ ਹੈ। ਸਮੁੱਚੇ ਸਮਾਜ ਦੇ ਲਈ ਇਹ ਬੜੀ ਦੁਖਾਂਤਕ ਗੱਲ ਹੈ। ਇਸ ਸਿਲਸਿਲੇ ਵਿਚ ਮਾਰਚ ਅਤੇ ਅਪ੍ਰੈਲ 2000 ਦੇ 'ਆਰਸੀ' ਦੇ ਦੋ ਅੰਕਾਂ ਵਿਚ ਡਾ. ਦਲੀਪ ਕੌਰ ਟਿਵਾਣਾ ਦੀ ਗੁਰਮੁਖ ਸਿੰਘ ਨਾਲ ਇਕ ਲੰਮੀ ਮੁਲਾਕਾਤ ਛਪੀ ਹੈ, ਉਹਦੇ ਕੁਝ ਅੰਸ਼ ਇਥੇ ਦਿੱਤੇ ਜਾ ਰਹੇ ਹਨ :

? ਟਿਵਾਣਾ ਜੀ, ਅਕਸਰ ਵੇਖਣ ਵਿਚ ਆਇਆ ਹੈ ਕਿ ਨੌਜਵਾਨ ਕੁੜੀਆਂ ਭਾਵੁਕ ਹੋ ਕੇ ਮੁੰਡਿਆਂ ਦੀ ਬੇਵਫ਼ਾਈ ਦੀ ਪ੍ਰਤੀਕਰਮ ਵਜੋਂ ਆਪਣੇ ਜੀਵਨ ਦਾ ਅੰਤ ਕਰ ਦਿੰਦੀਆਂ ਹਨ? ਤੁਹਾਡੇ ਇਸ ਬਾਰੇ ਵਿਚਾਰ?

— ਇਸ ਸਬੰਧ ਵਿਚ ਮੈਂ ਤੁਹਾਨੂੰ ਇਕ ਘਟਨਾ ਸੁਣਾਉਂਦੀ ਹਾਂ। ਇਕ ਦਿਨ ਯੂਨੀਵਰਸਿਟੀ ਵਿਚ ਸਵੇਰੇ-ਸਵੇਰੇ ਛੁੱਟੀ ਹੋ ਗਈ। ਪਤਾ ਲੱਗਿਆ ਕਿਸੇ ਲੜਕੀ ਦੀ ਮੌਤ ਹੋ ਗਈ, ਉਸਦਾ ਕਿਸੇ ਲੜਕੇ ਨਾਲ ਅਫ਼ੇਅਰ ਸੀ, ਇਸ ਕਰਕੇ ਉਸਨੇ ਆਤਮ ਹੱਤਿਆ ਕਰ ਲਈ ਹੈ। ਬੇਵਕੂਫ਼ ਸੀ। ਮੈਂ ਸੋਚਿਆ ਲੱਖ ਚੁਰਾਸੀ ਜੂਨ ਭੋਗ ਕੇ ਮਿਲਿਆ ਇਹ ਜਨਮ ਇਉਂ ਥੋੜ੍ਹੇ ਹੀ ਬਰਬਾਦ ਕਰ ਲਈਦਾ ਹੈ।

ਨਾਲ ਹੀ ਪਤਾ ਲੱਗਿਆ, ਉਸ ਲੜਕੇ ਨੇ ਕਿਸੇ ਪਾਲੀਟੀਸ਼ੀਅਨ ਦੀ ਲੜਕੀ ਨਾਲ ਸ਼ਾਦੀ ਕਰ ਲਈ ਹੈ, ਜਿਸਨੇ ਨੌਕਰੀ ਦਾ ਪ੍ਰਬੰਧ ਵੀ ਕਰਕੇ ਦਿੱਤਾ ਹੈ ਤੇ ਵਿਆਹ ਵਿਚ ਕਾਰ ਵੀ ਦਿੱਤੀ ਹੈ। ਉਸਦੀ ਸਹੇਲੀ ਨੇ ਇਹ ਵੀ ਦੱਸਿਆ ਕਿ ਅਗਰ ਉਹ ਚਾਹੁੰਦੀ ਤਾਂ ਅਜੇ ਵੀ ਅਫ਼ੇਅਰ ਚੱਲਦਾ ਰੱਖਕੇ ਉਸ ਪਾਲੀਟੀਸ਼ਨ ਦੀ ਧੀ ਤੋਂ ਬਦਲਾ ਲੈ ਸਕਦੀ ਸੀ, ਪਰ ਉਹ ਅਜਿਹੀ ਨਹੀਂ ਸੀ।

ਬਹੁਤ ਉਦਾਸ ਹੋ ਕੇ ਮੈਂ ਸੋਚਦੀ ਰਹੀ, "ਕੁੜੀਆਂ ਇਹ ਕਿਉਂ ਨੀਂ ਸਮਝਦੀਆਂ, ਜਿਹੜਾ ਬੰਦਾ ਜ਼ਿੰਦਗੀ ਵਿਚ ਤੁਹਾਨੂੰ ਰੁਆਉਂਦਾ ਹੈ, ਉਹ ਇਸ ਯੋਗ ਹੀ ਨਹੀਂ, ਕਿ ਉਹਦੇ ਲਈ ਰੋਇਆ ਜਾਵੇ।

ਫਿਰ ਖ਼ਿਆਲ ਆਇਆ ਮਿਲਵਿਆ ਪਲਾਥ ਏਡੀ ਵੱਡੀ ਲੇਖਕਾ ਸੀ। ਬੱਚੇ ਸਨ, ਸੋਹਣੀ ਸੀ ਤੇ ਪੱਛਮੀ ਦੇਸ਼ਾਂ ਵਿਚ ਰੋਟੀ ਦੀ ਤਾਂ ਸਮੱਸਿਆ ਹੀ ਨਹੀਂ, ਉਹ ਵੀ ਆਤਮਘਾਤ ਕਰ ਲੈਂਦੀ ਹੈ ਜਦੋਂ ਉਸਦਾ ਪਤੀ ਉਸਨੂੰ ਛੱਡਕੇ ਕਿਸੇ ਹੋਰ ਔਰਤ ਨਾਲ ਵਿਆਹ ਕਰ ਲੈਂਦਾ ਹੈ। ਔਰਤ ਦੇ ਮਨ ਵਿਚ ਆਪਣਾ ਕੋਈ ਮੁੱਲ ਨਹੀਂ? ਉਹ ਆਪਣਾ ਉਨਾਂ ਕੁ ਹੀ ਮੁੱਲ ਕਿਉਂ ਸਮਝਦੀ ਹੈ, ਜਿੰਨਾ ਕੁ ਮੁੱਲ ਕੋਈ ਆਦਮੀ ਉਸਦਾ ਪਾਉਂਦਾ ਹੈ?

ਦੂਸਰੀ ਗੱਲ, ਜਿਹੜਾ ਬੰਦਾ ਜਾਣਾ ਚਾਹੁੰਦਾ ਹੈ, ਉਹ ਮਨ ਤੋਂ ਤਾਂ ਸਪੱਸ਼ਟ ਚਲਿਆ ਹੀ ਗਿਆ, ਉਸਨੂੰ ਰੱਖਕੇ ਵੀ ਕੀ ਕਰੋਗੇ? ਆਦਮੀ ਦਲੀਲ ਦੇ ਸਕਦੇ ਹਨ ਕਿ ਕਿਸੇ ਵੀ ਰਿਸ਼ਤੇ ਦਾ ਮਤਲਬ ਉਮਰ ਕੈਦ ਨਹੀਂ।

ਬੰਦਾ ਰਿਸ਼ਤੇ ਵੀ ਤਾਂ ਲੰਘ ਸਕਦਾ ਹੈ। ਹਾਂ ਜਿਹੜੀਆਂ ਲੜਕੀਆਂ ਫ਼ੈਸਲੇ ਆਪ ਕਰਦੀਆਂ ਹਨ, ਉਹਨਾਂ ਨੂੰ ਫ਼ੈਸਲਿਆਂ ਦਾ ਮੁੱਲ ਤਾਰਨ ਜੋਗੀਆਂ ਤਕੜੀਆਂ ਵੀ ਤਾਂ ਹੋਣਾ ਚਾਹੀਦਾ ਹੈ। ਕਿਸੇ ਮਰੇ ਹੋਏ ਰਿਸ਼ਤੇ ਨੂੰ ਨਾਲ ਚੁੱਕੀ ਫਿਰਨਾ ਬਹੁਤ ਦੁਖਦਾਈ ਹੁੰਦਾ ਹੈ।

ਗੱਲ ਇਥੇ ਠੀਕ ਬਠੀਕ ਦੀ ਨਹੀਂ ਰਹਿ ਜਾਂਦੀ। ਗੱਲ ਹੈ ਕਿ ਅਗਰ ਇਉਂ ਵਾਪਰਦਾ ਹੈ ਕਿ ਫੇਰ ਕੀ ਕਰਨਾ ਹੈ? ਅਗਰ ਤੁਸੀਂ ਆਪਣੀ ਰੋਟੀ ਕਮਾਉਣ ਜੋਗੇ ਹੋ, ਫੇਰ ਬਹੁਤ ਕੁਝ ਸੌਖਾ ਹੋ ਜਾਂਦਾ ਹੈ। ਇਹ ਜ਼ਰੂਰੀ ਹੈ।

ਜੇ ਕੋਈ ਧਰਮ, ਇਖ਼ਲਾਕ, ਸਮਾਜ, ਪਰਿਵਾਰ ਸਹਾਈ ਨਹੀਂ ਹੁੰਦੇ ਤੇ ਇਕੋ ਇਕ ਮੌਤ ਦਾ ਰਾਹ ਹੀ ਸੌਖਾ ਲੱਗਦਾ ਹੈ ਤਾਂ ਤੁਹਾਨੂੰ ਆਪਣੇ ਆਪ ਨੂੰ ਤਕੜਿਆਂ ਕਰਨ ਦੀ ਲੋੜ ਹੈ।

ਪਹਿਲੀ ਗੱਲ ਤਾਂ ਲੜਕੀਆਂ ਲਈ ਸੋਚਣ ਵਾਲੀ ਇਹ ਹੈ ਕਿ ਤੁਸੀਂ ਮਾਪਿਆਂ ਨਾਲੋਂ ਚੰਗਾ ਵਰ ਲਭ ਸਕਦੀਆਂ ਹੋ? ਦੂਸਰੀ ਗੱਲ, ਜੇ ਬੰਦੇ ਨੂੰ ਉਹ ਸਭ ਕੁਝ ਪ੍ਰਾਪਤ ਹੋ ਜਾਵੇ ਜੋ ਵਿਆਹ ਨਾਲ ਹੀ ਪ੍ਰਾਪਤ ਹੋਣਾ ਹੈ, ਫਿਰ ਉਹ ਵਿਆਹ ਕਿਉਂ ਕਰੇਗਾ? ਤੀਸਰੀ ਗੱਲ, ਜੇ ਲੜਕਿਆਂ ਲਈ ਅਫ਼ੇਅਰ ਸੰਜੀਦਾ ਗੱਲ ਨਹੀਂ, ਤਾਂ ਲੜਕੀਆਂ ਇਸ ਗੱਲ ਲਈ ਏਨੀਆਂ ਭਾਵੁਕ ਕਿਉਂ ਹਨ? ਇਸ ਲਈ ਕਿ ਬੇਵਕੂਫ ਹਨ, ਮੂੰਹ ਕੂਲ ਹੋਣਾ, ਨਾਂਹ ਨਾ ਕਰ ਸਕਣੀ, ਨਿੱਕੀਆਂ ਨਿੱਕੀਆਂ ਗੱਲਾਂ, ਨਿੱਕੇ ਨਿੱਕੇ ਤੋਹਫ਼ਿਆਂ ਬਾਰੇ ਭਾਵੁਕ ਹੋ ਜਾਣਾ, ਜੋ ਅਫ਼ੇਅਰ ਨਹੀਂ ਕਿਸੇ ਨਾਲ ਤਾਂ ਆਪਣੇ ਆਪ ਨੂੰ ਬਾਕੀਆਂ ਦੇ ਮੁਕਾਬਲੇ ਵਿਚ ਘਟੀਆ ਸਮਝਣਾ, ਮਨ ਹੀ ਮਨ ਅਗਲੇ ਨੂੰ ਮਨਮਰਜ਼ੀ ਦਾ ਚਿਤਵ ਲੈਣਾ, ਇਨ੍ਹਾਂ ਸਭ ਗੱਲਾਂ ਦਾ ਵੇਲਾ ਹੁਣ ਲੰਘ ਚੁੱਕਿਆ ਹੈ।

ਅੱਜ ਦੀ ਔਰਤ ਤਾਂ ਦੂਜੀ ਔਰਤ ਨੂੰ ਆਖਣ ਦੇ ਸਮਰੱਥ ਹੈ "ਮੈਂ ਇਹਦੇ ਜੂਠੇ ਭਾਂਡੇ ਮਾਂਜਦੀ ਹਾਂ। ਇਹਦੀਆਂ ਗੰਦੀਆਂ ਜੁਰਾਬਾਂ ਧੋਂਦੀ ਹਾਂ। ਇਹਦੇ ਬੱਚਿਆਂ ਨੂੰ ਪਾਲਦੀ ਹਾਂ। ਬਿਨਾ ਤਨਖ਼ਾਹ ਸਾਰੇ ਕੰਮ ਕਰਦੀ ਹਾਂ। ਫੇਰ ਵੀ ਇਹ ਜੇ ਮੇਰੇ ਨਾਲ ਖ਼ੁਸ਼ ਨਹੀਂ ਤਾਂ ਤੂੰ ਲੈ ਜਾ ਇਹਨੂੰ" ਪ੍ਰੋਤਿਮਾ ਬੇਦੀ ਕਬੀਰ ਬੇਦੀ ਬਾਰੇ ਲਿਖਦੀ ਹੈ। "ਜੇ ਇਹ ਮੇਰੇ ਨਾਲ ਖ਼ੁਸ਼ ਨਹੀਂ ਰਹਿ ਸਕਦਾ ਤਾਂ ਕਿਸੇ ਔਰਤ ਨਾਲ ਵੀ ਖ਼ੁਸ਼ ਨਹੀਂ ਰਹਿ ਸਕਦਾ।" ਤੇ ਉਹਦੀ ਗੱਲ ਸੱਚ ਹੈ। ਕਬੀਰ ਬੇਦੀ ਇਕ ਤੋਂ ਮਗਰੋਂ ਦੂਸਰੀ, ਤੀਸਰੀ, ਚੌਥੀ ਔਰਤ ਨਾਲ ਵਿਆਹ ਕਰੀ ਜਾ ਰਿਹਾ ਹੈ।

ਹਰ ਦੂਸਰੀ ਔਰਤ ਇਹ ਭੁੱਲ ਜਾਂਦੀ ਹੈ ਕਿ ਜੇ ਉਹ ਪਹਿਲੀ ਔਰਤ ਨੂੰ ਛੱਡ ਸਕਦਾ ਹੈ ਤਾਂ ਦੂਸਰੀ ਨੂੰ ਕਿਉਂ ਨਹੀਂ ਛੱਡ ਸਕਦਾ।

ਪਤਾ ਨਹੀਂ ਕਿਸ ਬਿੱਧ ਅਸੀਂ ਇ[illegible] ਵੇਲੇ ਇਕੋ ਥਾਂ ਆ ਪਹੁੰਚੇ ਤੇ ਇਕ ਦੂਜੇ [illegible] ਰਾਹ ਉਲੰਘਿਆ। ਇਹ ਵੀ ਪਤਾ ਨਹੀਂ ਕਿੱਥੇ, ਕਹਿੜੇ ਵੇਲੇ ਕੌਣ ਨਿਖੜ ਜਾਵੇ, ਹਮੇਸ਼ਾ ਹਮੇਸ਼ਾ ਲਈ। ਇਹ ਤਸ਼ੱਦਦ ਕਾਹਦੇ ਲਈ। ਆਪਣੇ ਉੱਪਰ ਵੀ ਤੇ ਦੂਜਿਆਂ ਉੱਪਰ ਵੀ।

ਡਾ. ਦਲੀਪ ਕੌਰ ਟਿਵਾਣਾ ਦੇ ਜਵਾਬ ਨੂੰ ਪੂਰੀ ਵਿਸਥਾਰ ਨਾਲ ਲਿਖਣ ਦੇ ਬਾਅਦ ਤੇ ਉਨ੍ਹਾਂ ਨਾਲ ਸਹਿਮਤ ਹੋਣ ਦੇ ਬਾਅਦ ਮੈਂ ਇਹ ਵੀ ਲਿਖਣਾ ਚਾਹੁੰਦਾ ਹਾਂ ਕਿ ਸਾਡੀਆਂ ਪੜ੍ਹੀਆਂ-ਲਿਖੀਆਂ ਕੁੜੀਆਂ ਦੀ ਇਹ ਇਕ ਤ੍ਰਾਸਦੀ ਹੈ ਕਿ ਉਨ੍ਹਾਂ ਦੇ ਸ਼ੌਕ ਅਤੇ ਉਨ੍ਹਾਂ ਦੀ ਸਾਰੀ ਦੁਨੀਆ ਬੜੀ ਸੀਮਤ ਹੈ। ਸ਼ੌਕ ਕੱਪੜਿਆਂ ਦੇ ਜਾਂ ਹੋਰ ਨਿਗੂਣੀਆਂ ਗੱਲਾਂ ਦੇ ਹਨ। ਜ਼ਿੰਦਗੀ ਦੇ ਸਮੁੱਚੇ ਵਰਤਾਰੇ ਨੂੰ ਸਮਝਣ ਲਈ ਸਾਹਿਤ ਅਤੇ ਰਾਜਨੀਤੀ ਵਿਚ ਦਿਲਚਸਪੀ ਜ਼ਰੂਰੀ ਹੈ। ਪਰ ਸਾਡੀਆਂ ਪੜ੍ਹੀਆਂ-ਲਿਖੀਆਂ ਕੁੜੀਆਂ ਇਹਦੇ ਵੱਲ (ਸਿਵਾਏ ਕੁੱਝ ਨੂੰ ਛੱਡ ਕੇ) ਬਿਲਕੁਲ ਹੀ ਰੁਚਿਤ ਨਹੀਂ। ਇਸ ਕਰਕੇ ਉਹ ਨਾ ਹੀ ਆਪਣੇ ਬਾਰੇ ਸਹੀ ਫ਼ੈਸਲਾ ਲੈਣ ਦੇ ਯੋਗ ਹੁੰਦੀਆਂ ਹਨ ਤਾਂ ਨਾ ਹੀ ਕਿਸੇ ਨੂੰ ਕੋਈ ਯੋਗ ਫ਼ੈਸਲਾ ਲੈਣ ਲਈ ਮਦਦ ਕਰ ਸਕਦੀਆਂ ਹਨ। ਅੱਜ ਦੇ ਯੁੱਗ ਵਿਚ ਤੁਹਾਡੇ ਅਫ਼ੇਅਰ ਵੀ ਹਨ ਤਾਂ ਉਹਦੇ ਵਿਚ ਸੈਕਸ ਬਾਰੇ ਬੜਾ ਹੀ ਮੁਹਤਾਤ ਹੋਣਾ ਜ਼ਰੂਰੀ ਹੈ। (ਮੁੰਡੇ ਮੋਹਤਾਤ ਨਹੀਂ ਹੋਣਗੇ) ਜੇ ਫਸ ਵੀ ਗਈਆਂ ਹੋਣ ਤਾਂ ਹੌਸਲੇ ਨਾਲ ਸਾਰੀ ਸਥਿਤੀ ਦਾ ਮੁਕਾਬਲਾ ਕਰਨਾ ਬਣਦਾ ਹੈ। ਆਤਮ ਹੱਤਿਆ ਕੋਈ ਰਾਹ ਨਹੀਂ। ਹੌਸਲਾ ਜਾਂ ਕੁੱਝ ਕਰਨ ਦਾ ਇਰਾਦਾ ਬਣਾਉਣ ਲਈ ਸਾਹਿਤ ਅਤੇ ਸਿਸਟਮ ਦੀ ਜਾਣਕਾਰੀ ਜ਼ਰੂਰੀ ਹੈ। ਸਾਡੀਆਂ ਕੁੜੀਆਂ ਨੂੰ ਸਿਆਸਤ ਵਿਚ ਪੂਰੀ ਦਿਲਚਸਪੀ ਲੈਣੀ ਚਾਹੀਦੀ ਹੈ। ਸਾਹਿਤ ਦੀ ਜਾਣਕਾਰੀ ਫ਼ਿਲਮੀ ਰਸਾਲੇ ਜਾਂ ਫ਼ੈਸ਼ਨ ਦੇ ਰਸਾਲੇ ਜਾਂ ਰੁਮਾਂਚਿਕ ਕਹਾਣੀਆਂ ਪੜ੍ਹਨ ਤੱਕ ਮਹਿਦੂਦ ਨਹੀਂ ਹੋਣੇ ਚਾਹੀਦੇ। ਕਲਾਸਕੀ ਸਾਹਿਤ ਪੜ੍ਹਨਾ ਬਣਦਾ ਹੈ। ਚੰਗੇ ਸਮਾਜ ਲਈ ਸਾਰੀਆਂ ਪੜ੍ਹੀਆਂ-ਲਿਖੀਆਂ ਕੁੜੀਆਂ ਦਾ ਸਿਆਣਾ ਹੋਣਾ ਬਣਦਾ ਹੈ। ਨਿੱਕੀਆਂ-ਨਿੱਕੀਆਂ ਗੱਲਾਂ ਦਾ ਦਲੇਰੀ ਨਾਲ ਮੁਕਾਬਲਾ ਕਰਨਾ ਬਣਦਾ ਹੈ। ਭਾਵੁਕਤਾ ਇਕ ਹੱਦ ਤੋਂ ਬਾਅਦ ਹਮੇਸ਼ਾ ਨੁਕਸਾਨ ਦੇਹ ਹੁੰਦੀ ਹੈ।

? Clear